(i) Printed Pages : 3 Roll No. ..............................

(ii) Questions : 5 **Sub. Code : 0 0 0 2**

**Exam. Code : 0 0 0 1**

**B.A./B.Sc. (General) 1st Sem.**

**(2122)**

**PUNJABI (Compulsory)**

**Paper : (Same for B.A./B.Sc. (Gen.) & B.Sc. (Microbial & Food Technology, Fashion Designing & Shastri 1st Semester)**

**Time Allowed : Three Hours] [Maximum Marks : 45**

**ਨੋਟ :–** ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ। ਹਰ ਪ੍ਰਸ਼ਨ ਦੇ ਸਮੁੱਚੇ ਭਾਗ ਇਕ ਥਾਂ ਉੱਪਰ ਹੱਲ ਕੀਤੇ ਜਾਣ। ਲਿਖਾਈ ਸਾਫ਼ ਅਤੇ ਸਪਸ਼ਟ ਹੋਣੀ ਚਾਹੀਦੀ ਹੈ।

1. (ੳ) ਹੇਠ ਲਿਖਿਆਂ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

(1) ਪਾਕ ਪਰੀਤਾਂ ਦਾ ਇਹ ਮੰਦਰ,
ਪੀੜਾਂ ਪੁੜਨ ਕਲੇਜੇ ਅੰਦਰ,
ਇਥੇ ਮੋਹਨ ਕਰੇ ਵਸੇਰਾ,
ਹਾਇ ਨਾ ਤੋੜੀਂ ਵੇ ਦਿਲ ਮੇਰਾ।

(2) ਉਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ,
ਹੁਣ ਸ਼ਿਵ ਕੁਮਾਰ ਦੀ ਵਾਰੀ ਵੇ।
ਉਹ ਜ਼ਖ਼ਮ ਪੁਰਾਣੇ ਭੁੱਲ ਵੀ ਗਏ,
ਨਵਿਆਂ ਦੀ ਜੋ ਫੇਰ ਤਿਆਰੀ ਏ। 5

(ਅ) ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਦਾ ਸਾਰ ਤੇ ਕੇਂਦਰੀ ਭਾਵ ਵੀ ਲਿਖੋ :

(1) ਪੰਜਾਬ ਦੇ ਦਰਿਆ

(2) ਪਿਆਰਾ। 5+5=10

2. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਦੇ ਉੱਤਰ ਲਿਖੋ। ਉੱਤਰ **ਤਿੰਨ** ਸਤਰਾਂ ਤੋਂ ਵੱਧ ਨਾ ਹੋਵੇ :

(ੳ) 'ਚਸ਼ਮਾਂ ਇੱਛਾਬਲ ਤੇ ਡੂਘੀਆਂ ਸ਼ਾਮਾਂ' ਵਿੱਚ ਚਸ਼ਮੇਂ ਦਾ ਉੱਤਰ ਲਿਖੋ।

(ਅ) ਧਨੀ ਰਾਮ ਚਾਤ੍ਰਿਕ ਦੀਆਂ ਤਿੰਨ ਕਵਿਤਾਵਾਂ ਦੇ ਨਾਮ ਲਿਖੋ।

(ੲ) 'ਪੰਜਾਬ ਦੇ ਮਜ਼ੂਰ' ਕਿਸ ਕਵੀ ਦੀ ਰਚਨਾ ਹੈ ?

(ਸ) 'ਗੁਰੂ ਨਾਨਕ ਨੂੰ' ਕਵਿਤਾ ਵਿੱਚ ਕਵੀ ਨੇ ਕਿਸ ਦੁਖਾਂਤਕ ਘਟਨਾ ਦੀ ਗੱਲ ਕੀਤੀ ਹੈ ?

(ਹ) 'ਕਾਵਿ ਸੁਮੇਲ' ਕਾਵਿ-ਸੰਗ੍ਰਹਿ ਦਾ ਸੰਪਾਦਕ ਕੌਣ ਹੈ ?

(ਕ) ਸ਼ਿਵ ਕੁਮਾਰ 'ਜ਼ਖ਼ਮ' ਕਵਿਤਾ ਵਿੱਚ ਕਿਸ ਨੂੰ ਸੰਬੋਧਨ ਕਰਦਾ ਹੈ ?

(ਖ) ਕੁਛ ਕਿਹਾ ਤਾਂ ...... (ਗ਼ਜ਼ਲ) ਵਿੱਚ ਕਵੀ ਨੇ 'ਹਨ੍ਹੇਰਾ' ਕਿਸ ਨੂੰ ਕਿਹਾ ਹੈ ?

(ਗ) ਪਾਲ ਕੌਰ ਦੀਆਂ ਤਿੰਨ ਕਵਿਤਾਵਾਂ ਦੇ ਨਾਮ ਲਿਖੋ। 5×1=5

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਤੇ **500** ਸ਼ਬਦਾਂ ਵਿੱਚ ਲੇਖ ਲਿਖੋ :

(ੳ) ਸ਼ਹੀਦ ਭਗਤ ਸਿੰਘ

(ਅ) ਅੱਖੀਂ ਡਿੱਠਾ ਯੁਵਕ ਮੇਲਾ

(ੲ) ਅਬਾਦੀ ਦੀ ਸਮੱਸਿਆ

(ਸ) ਸਮੇਂ ਦੀ ਕਦਰ। 10

4. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ :

ਸਭਰਾਵਾਂ ਦੀ ਲੜਾਈ ਦਾ ਜ਼ਿਕਰ ਕਰਦਾ ਹੋਇਆ ਕਨਿੰਘਮ ਲਿਖਦਾ ਹੈ ਕਿ ਭਾਵੇਂ ਅੰਗਰੇਜ਼ਾਂ ਦੇ ਘੋੜ-ਚੜ੍ਹੇ ਰਿਸਾਲੇ ਤੇ ਪੈਦਲ ਪਲਟਣਾਂ ਸਿੰਘਾਂ ਉੱਪਰ ਹਰ ਪਾਸਿਓਂ ਚੜ੍ਹੀਆਂ ਆ ਰਹੀਆਂ ਸਨ, ਪਰ ਕਿਸੇ ਸਿੱਖ ਨੇ ਈਨ ਨਾ ਮੰਨੀ ਅਤੇ ਨਾ ਗੁਰੂ ਗੋਬਿੰਦ ਸਿੰਘ ਦੇ ਕਿਸੇ ਨਾਮ-ਲੇਵਾ ਨੇ ਪਨਾਹ ਮੰਗੀ। ਹਰ ਥਾਂ ਤੇ ਉਨ੍ਹਾਂ ਨੇ ਵਿਜਈਆਂ ਦਾ ਸਨਮੁਖ ਟਾਕਰਾ ਕੀਤਾ ਅਰਥਾਤ ਕਿਸੇ ਪਿੱਠ ਨਹੀਂ ਵਿਖਾਈ। ਉਹ ਬੜੇ ਦੁਖੀ ਹਿਰਦੇ ਨਾਲ ਹੌਲੀ ਹੌਲੀ ਪਿੱਛੇ ਹਟੇ ਅਤੇ ਕਈ ਇਕੱਲੇ ਇਕੱਲੇ ਹੀ ਅਨੇਕਾਂ ਨਾਲ ਜੂਝ ਕੇ ਸਾਹਮਣੇ ਖਲੋਤੀ ਮੌਤ ਦਾ ਸੁਆਗਤ ਕਰਨ ਲਈ ਕੁੱਦ ਪਏ। ਵਿਜਈ ਇਨ੍ਹਾਂ ਹਾਰਿਆਂ ਦੀ ਇੱਕ ਨਾ ਜਿੱਤੀ ਜਾ ਸਕਣ ਵਾਲੀ ਦਲੇਰੀ ਨੂੰ ਵੇਖ ਕੇ ਅਜੀਬ ਤਰ੍ਹਾਂ ਹੈਰਾਨ ਹੋ ਰਹੇ ਸਨ ਕਿ ਉਹ ਬੇਬਸ ਹੋਏ ਵੀ ਵੈਰੀ ਅੱਗੇ ਤਰਸ ਲਈ ਲਿਲਕੜੀਆਂ ਕੱਢਣ ਦੀ ਥਾਂ ਨਫ਼ਰਤ ਦੀਆਂ ਘੂਰੀਆਂ ਤੇ ਤਿਊੜੀਆਂ ਵਟਦੇ ਸਨ। 5

5. (ੳ) ਵਾਕ ਕੀ ਹੁੰਦਾ ਹੈ ? ਇਸ ਦੀ ਪਰਿਭਾਸ਼ਾ ਲਿਖੋ।

**ਜਾਂ**

ਉਚਾਰਨ ਸਥਾਨ ਦੇ ਆਧਾਰ 'ਤੇ ਪੰਜਾਬੀ ਵਿਅੰਜਨਾਂ ਦਾ ਵਰਗੀਕਰਨ ਕਰੋ। 6

(ਅ) ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ :

(1) ਗੁਰਮੁਖੀ ਵਿੱਚ ਕਿੰਨੀਆਂ ਲਗਾਂ-ਮਾਤਰਾਂ ਹੁੰਦੀਆਂ ਹਨ ?

(2) ਵਿਆਕਰਣ ਕਿਸ ਨੂੰ ਆਖਦੇ ਹਨ ?

(3) ਵਰਨਮਾਲਾ ਕਿਸ ਨੂੰ ਕਹਿੰਦੇ ਹਨ ?

(4) ਹੇਠ ਲਿਖੇ ਵਾਕਾਂ ਨੂੰ ਜੋੜ ਕੇ ਮਿਸ਼ਰਤ ਵਾਕ ਬਣਾਓ :

ਹਨੇਰਾ ਪੈ ਗਿਆ ਤੇ ਅਸੀਂ ਘਰ ਪਹੁੰਚ ਗਏ। 2+2=4